# ਗੈਰ-ਵਿੱਦਿਅਕ ਕੰਮਾਂ ਨੇ ਪੰਜਾਬ ਦੀ ਸਕੂਲ ਸਿੱਖਿਆ ਦਾ ਬੇੜਾ ਗ਼ਰਕ ਕੀਤਾ- ਜੀ.ਟੀ.ਯੂ.

## ਸਿੱਖਿਆ ਕ੍ਰਾਂਤੀ ਸਿਰਫ਼ ਕਾ.ਗਜ਼ਾਂ ਤੱਕ ਹੀ ਸੀਮਤ-ਆਗੂ

ਧਰਮਕੋਟ, 19 ਅਕਤੂਬਰ (ਪਰਮਜੀਤ ਸਿੰਘ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਪ੍ਰੈੱਸ ਸਕੱਤਰ ਕਰਨੈਲ ਫਿਲੌਰ, ਸੂਬਾ ਮੀਤ ਪ੍ਰਧਾਨ ਗੁਰਪ੍ਰੀਤ ਅਮੀਵਾਲ, ਜ਼ਿਲ੍ਹਾ ਮੋਗਾ ਪ੍ਰਧਾਨ ਜੱਜਪਾਲ ਸਿੰਘ ਬਾਜੇਕੇ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਪੰਜਾਬ ਦੀ ਸਰਕਾਰੀ ਸਕੂਲਾਂ ਵਿਚ ਇੰਨੇ ਕੁ ਗੈਰ ਵਿੱਦਿਅਕ ਕਾਰਜ ਹਨ ਜਿਸ ਨੇ ਪੰਜਾਬ ਦੀ ਸਕੂਲ ਸਿੱਖਿਆ ਦਾ ਬੇੜਾ ਗ਼ਰਕ ਕਰਕੇ ਰੱਖ ਦਿੱਤਾ ਹੈ ਸੈਸ਼ਨ ਦੇ ਸ਼ੁਰੂ ਤੋਂ ਲੈ ਕੇ ਸੈਸ਼ਨ ਦੇ ਮਿਡ ਤੱਕ ਅਜੇ ਤੱਕ ਵੀ ਅਧਿਆਪਕ ਗੈਰ ਵਿੱਦਿਆ ਕਾਰਜਾਂ ਵਿਚ ਹੀ ਲੱਗੇ ਹੋਏ ਹਨ ਸਕੂਲ ਸਿੱਖਿਆ ਵਿਭਾਗ ਵਲੋਂ ਹਰ ਰੋਜ਼ ਕਈ ਅਜਿਹੇ ਪੱਤਰ ਜਾਰੀ ਕੀਤੇ ਜਾਂਦੇ ਹਨ ਜਿਨ੍ਹਾਂ ਦਾ ਸਕੂਲ ਸਿੱਖਿਆ ਨਾਲ ਨੇੜੇ ਤੇੜੇ ਦਾ ਵੀ ਰਿਸ਼ਤਾ ਨਹੀਂ। ਸੈਸ਼ਨ ਦੇ ਸ਼ੁਰੂ ਵਿਚ ਹੀ ਮਿਸ਼ਨ ਸਮਰੱਥ ਨਾਮ ਦਾ ਪ੍ਰੋਜੈਕਟ ਚਲਾ ਕੇ ਵਿਦਿਆਰਥੀਆਂ ਨੂੰ ਸਿਲੇਬਸ ਅਤੇ ਕਿਤਾਬਾਂ ਤੋਂ ਦੂਰ ਰੱਖਿਆ ਗਿਆ ਅਤੇ ਹੁਣ ਸਕੂਲਾਂ ਵਿਚ ਸੀ.ਈ.ਪੀ.-2 ਚਲਾਇਆ ਹੋਇਆ ਹੈ, ਇਸ ਤੋਂ ਇਲਾਵਾ ਹੋਰ ਬਹੁਤ ਹੀ ਤਰ੍ਹਾਂ ਦੇ ਗੈਰ ਵਿੱਦਿਆ ਕਾਰਜ ਅਧਿਆਪਕਾਂ ਦੇ ਸਿਰ ਮੜ੍ਹੇ ਹੋਏ ਹਨ ਅਤੇ ਅਧਿਆਪਕਾਂ ਨੂੰ ਕਲਾਸ ਅਤੇ ਵਿਦਿਆਰਥੀਆਂ ਤੋਂ ਦੂਰ ਰੱਖਿਆ ਜਾ ਰਿਹਾ ਹੈ! ਅਧਿਆਪਕ ਬਹੁਤ ਜ਼ਿਆਦਾ ਗੈਰ ਵਿੱਦਿਆ ਇਕ ਕਾਰਜਾਂ ਵਿਚ ਉਲਝਾਏ ਹੋਏ ਹਨ। ਈ. ਈ. ਪੀ. ਕਮਰੇ ਪਾਉਣ ਤੋਂ ਇਲਾਵਾ ਸਿਵਲ ਵਰਕ ਦੇ ਕਈ ਹੋਰ ਪ੍ਰੋਗਰਾਮ, ਆਰੰਭ ਪ੍ਰੋਜੈਕਟ ਅਪਾਰ ਆਈ.ਡੀ.. ਬੇਲੋੜੇ ਗੂਗਲ ਫਾਰਮ. ਮਿੱਡੇ ਮੀਲ ਦਾ ਕੰਮ ਉਪਰੋਕਤ ਕੰਮਾਂ ਤੋਂ ਇਲਾਵਾ ਅਧਿਆਪਕਾਂ ਨੂੰ ਹੋਰ ਵੀ ਬਹੁਤ ਸਾਰੇ ਗੈਰ ਵਿੱਦਿਅਕ ਕੰਮ ਕਰਨੇ ਪੈਂਦੇ ਹਨ ਸਮੇਂ ਸਮੇਂ ਤੇ ਜ਼ਿਲ੍ਹਾ ਪ੍ਰਸ਼ਾਸਨ ਤਹਿਸੀਲ ਪ੍ਰਸ਼ਾਸਨ ਵਲੋਂ ਵੀ ਅਧਿਆਪਕਾਂ ਨੂੰ ਕਈ ਤਰ੍ਹਾਂ ਦੇ ਗੈਰ ਵਿੱਦਿਅਕ ਕੰਮ ਦਿੱਤੇ ਜਾਂਦੇ ਹਨ ਜੀ.ਟੀ.ਯੂ. ਪੰਜਾਬ ਦੇ ਆਗੂਆਂ ਗੁਰਪ੍ਰੀਤ ਸਿੰਘ ਅਮੀਵਾਲ, ਕੁਲਦੀਪ ਪੁਰੋਵਾਲ, ਮਨੋਹਰ ਲਾਲ ਸ਼ਰਮਾ ਅਤੇ ਗੁਰਦੀਪ ਸਿੰਘ ਬਾਜਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹੋਂਦ ਵਿਚ ਆਉਣ ਤੇ ਤੋਂ ਪਹਿਲਾਂ ਇਹੀ ਸਰਕਾਰ ਦੇ ਲੀਡਰ ਆਖ ਰਹੇ ਸੀ ਕਿ ਅਧਿਆਪਕਾਂ ਤੋਂ ਕਿਸੇ ਪ੍ਰਕਾਰ ਦਾ ਵੀ ਗੈਰ ਵਿੱਦਿਆ ਕੰਮ ਨਹੀਂ ਲਿਆ ਜਾਵੇਗਾ ਪਰ ਜਦੋਂ ਦੀ ਇਹ ਸਰਕਾਰ ਹੋਂਦ ਵਿਚ ਆਈ ਹੈ ਅਧਿਆਪਕਾਂ ਨੂੰ ਬਹੁਤ ਸਾਰੇ ਗੈਰ ਵਿੱਦਿਆ ਕੰਮ ਕਰਨੇ ਪੈਂਦੇ ਹਨ। ਜਿਸ ਨਾਲ ਬੱਚਿਆਂ ਦੀ ਪੜ੍ਹਾਈ ਤੇ ਅਸਰ ਪੈਂਦਾ ਅਧਿਆਪਕ ਆਗੂਆਂ ਨੇ ਮੰਗ ਕੀਤੀ ਕਿ ਅਧਿਆਪਕਾਂ ਤੋਂ ਲੈ ਜਾਂਦੇ ਗੈਰ ਵਿੱਦਿਆ ਕੰਮ ਤੁਰੰਤ ਬੰਦ ਕੀਤੇ ਜਾਣ ਅਤੇ ਅਧਿਆਪਕਾਂ ਨੂੰ ਨਿਰਧਾਰਿਤ ਸਿਲੇਬਸ ਅਨੁਸਾਰ ਪੜ੍ਹਾਉਣ ਦਿੱਤਾ ਜਾਵੇ। ਇਸ ਮੌਕੇ ਸੁਖਜਿੰਦਰ ਮੋਗਾ, ਬਹਾਦਰ ਮਹਿਲ, ਸੁਖਜਿੰਦਰ ਜੋਸਨ, ਗੁਰਵਿੰਦਰ ਸਿੰਘ ਮਹਿਲ, ਤੀਰਥ ਸਿੰਘ ਬਾਸੀ, ਕੁਲਦੀਪ ਸਿੰਘ, ਮੋਨੂੰ ਵਰਮਾ, ਸਵਿੰਦਰ ਲੋਹਗੜ੍ਹ, ਤੇਜਪਾਲ ਸਿੰਘ ਹਾਜ਼ਰ ਸਨ।



ਜਾਣਕਾਰੀ ਦਿੰਦੇ ਹੋਏ ਅਧਿਆਪਕ ਆਗੂ।

# ਮੋਗਾ ਜ਼ਿਲ੍ਹੇ ਦੇ ਪੰਜ ਸਾਇੰਸ ਅਧਿਆਪਕਾਂ ਨੇ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਦੀ ਟਰੇਨਿੰਗ 'ਚ ਭਾਗ ਲਿਆ

ਮੋਗਾ, 19 ਅਕਤੂਬਰ (ਸੁਰਿੰਦਰਪਾਲ ਸਿੰਘ)- ਪੰਜਾਬ ਸਕੂਲ ਸਿੱਖਿਆ ਵਿਭਾਗ ਵਲੋਂ ਅਧਿਆਪਕਾਂ ਦੀ ਟਰੇਨਿੰਗ ਲਈ ਵੱਖ-ਵੱਖ ਉਪਰਾਲੇ ਕੀਤੇ ਜਾਂਦੇ ਰਹੇ ਹਨ ਜਿਸ ਤਹਿਤ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਸਾਇੰਸ ਅਧਿਆਪਕਾਂ ਨੂੰ ਭਾਰਤ ਦੀ ਪ੍ਰਸਿੱਧ ਸੰਸਥਾ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਖ਼ੁਦਾਪੁਰਾ ਬੈਂਗਲੁਰੂ (ਕਰਨਾਟਕਾ) ਵਿਖੇ ਇਕ ਕਪੈਸਿਟੀ ਬਿਲਡਿੰਗ ਪ੍ਰੋਗਰਾਮ ਵਿਚ ਭਾਗ ਲੈਣ ਲਈ ਭੇਜਿਆ ਗਿਆ। ਪ੍ਰੋਗਰਾਮ ਵਿਚ ਪੰਜਾਬ ਦੇ ਹਰ ਜ਼ਿਲ੍ਹੇ ਵਿਚੋਂ ਪੰਜ-ਪੰਜ ਸਾਇੰਸ ਅਧਿਆਪਕਾਂ, ਕੁੱਲ ਲਗ-ਪਗ 120 ਅਧਿਆਪਕਾਂ ਨੂੰ ਟਰੇਨਿੰਗ ਲਈ ਚੁਣਿਆ ਗਿਆ ਸੀ। ਜ਼ਿਲ੍ਹਾ ਮੋਗਾ ਦੇ ਪੰਜ ਪ੍ਰਤਿਭਾਸ਼ਾਲੀ ਸਾਇੰਸ ਅਧਿਆਪਕ ਇੰਦਰਜੀਤ ਸਿੰਘ ਸਰਕਾਰੀ ਹਾਈ ਸਕੂਲ ਅਮੀਵਾਲਾ, ਰਾਹੁਲ ਗੋਇਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਢੇਕੇ, ਕਿਰਨਦੀਪ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਛੀਕੇ, ਸੁਨੀਤਾ ਰਾਣੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਲਾਲਾਬਾਦ ਪੂਰਬੀ ਅਤੇ ਅਮਨਪ੍ਰੀਤ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਲੀਣਾ ਨੇ ਭਾਗ ਲਿਆ। ਇਹ ਦਸ ਰੋਜ਼ਾ ਟਰੇਨਿੰਗ ਪ੍ਰੋਗਰਾਮ 14 ਅਕਤੂਬਰ ਤੱਕ ਚੱਲਿਆ। ਇਸ ਟਰੇਨਿੰਗ ਪ੍ਰੋਗਰਾਮ ਅਧੀਨ ਟੇਲੈਂਟ ਡਿਵੈਲਪਮੈਂਟ ਸੈਂਟਰ, ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਖ਼ੁਦਾਪੁਰਾ, ਕਰਨਾਟਕਾ ਦੇ ਬਹੁਤ ਹੀ ਕਾਬਿਲ ਫੈਕਲਟੀ ਮੈਂਬਰਾਨ ਵਲੋਂ ਅਧਿਆਪਕਾਂ ਨੂੰ ਟਰੇਨਿੰਗ ਦਿੱਤੀ ਗਈ। ਇਸ ਟਰੇਨਿੰਗ ਪ੍ਰੋਗਰਾਮ ਤਹਿਤ ਅਧਿਆਪਕਾਂ ਨੂੰ ਸਾਇੰਸ ਵਿਸ਼ੇ ਵਿਚ ਹੋਈਆਂ ਨਵੀਆਂ ਖੋਜਾਂ ਅਤੇ ਤਕਨੀਕਾਂ ਸਬੰਧੀ ਵਾਕਫ਼ ਕਰਵਾਇਆ ਗਿਆ। ਵਿਸ਼ੇ ਨਾਲ ਸਬੰਧਿਤ ਆਪਣੇ ਗਿਆਨ ਨੂੰ ਅੱਪਡੇਟ ਕਰਨ ਅਤੇ ਅਧਿਆਪਕਾਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਇਹ ਟਰੇਨਿੰਗ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦੇ ਆਖ਼ਰੀ ਦਿਨ ਇੰਸਟੀਚਿਊਟ ਵਲੋਂ ਅਧਿਆਪਕਾਂ ਨੂੰ ਸਫਲਤਾ ਪੂਰਵਕ ਟਰੇਨਿੰਗ ਪ੍ਰਾਪਤ ਕਰਨ 'ਤੇ ਪ੍ਰਸ਼ੰਸਾ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਇਨ੍ਹਾਂ ਵਿਚੋਂ ਟਰੇਨਿੰਗ ਦੌਰਾਨ ਪ੍ਰੈਕਟੀਕਲ ਐਕਸਪੇਰੀਮੈਂਟ, ਅਸਾਈਨਮੈਂਟ ਅਤੇ ਵੱਖ-ਵੱਖ ਮੁਲਾਕਣਾਂ ਵਿਚ ਵਧੀਆ ਪ੍ਰਦਰਸ਼ਨ ਕਾਰਨ ਵਾਲੇ 10 ਅਧਿਆਪਕਾਂ ਨੂੰ ਬੈਸਟ ਪਰਫਾਰਮਰ ਦਾ ਖ਼ਿਤਾਬ ਵੀ ਦਿੱਤਾ ਗਿਆ। ਸਰਕਾਰੀ ਹਾਈ ਸਕੂਲ ਅਮੀਵਾਲਾ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਇਸ ਸਕੂਲ ਦੇ ਪ੍ਰਤਿਭਾਸ਼ਾਲੀ ਅਧਿਆਪਕ ਇੰਦਰਜੀਤ ਸਿੰਘ ਨੇ ਬੈਸਟ ਪਰਫਾਰਮਰ ਦਾ ਖ਼ਿਤਾਬ ਹਾਸਲ ਕੀਤਾ। ਇੰਦਰਜੀਤ ਸਿੰਘ ਦੇ ਸਕੂਲ ਪਹੁੰਚਣ 'ਤੇ ਸਰਕਾਰੀ ਹਾਈ ਸਕੂਲ ਅਮੀਵਾਲਾ ਦੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਨਿੱਘਾ ਸਵਾਗਤ ਕੀਤਾ। ਸਕੂਲ ਮੁਖੀ ਨੇ ਇਸ ਪ੍ਰਾਪਤੀ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਇਨ੍ਹਾਂ ਦੇ ਵਿਦਿਆਰਥੀਆਂ ਬਲਾਕ ਅਤੇ ਜ਼ਿਲ੍ਹਾ ਪੱਧਰ 'ਤੇ ਸਾਇੰਸ ਪ੍ਰਤੀਯੋਗਤਾਵਾਂ ਵਿਚ ਪ੍ਰਾਪਤੀਆਂ ਕਰਦੇ ਹਨ ਅਤੇ ਸਟੇਟ ਪੱਧਰ ਪ੍ਰੋਗਰਾਮਾਂ ਵਿਚ ਵੀ ਭਾਗ ਲੈਂਦੇ ਹਨ।



ਅਧਿਆਪਕ ਇੰਦਰਜੀਤ ਸਿੰਘ।



ਪਿੰਡ ਕੋਕਰੀ ਕਲਾਂ ਦੇ ਸਰਪੰਚ 'ਤੇ ਹੋਏ ਪਰਚੇ ਸੰਬੰਧੀ ਥਾਣਾ ਅਜੀਤਵਾਲ ਵਿਖੇ ਇਕੱਠੇ ਹੋਏ ਕਿਸਾਨ ਜਥੇਬੰਦੀ ਦੇ ਆਗੂ ਅਤੇ ਪਿੰਡ ਵਾਸੀ। ਅਜੀਤ ਤਸਵੀਰ

# ਕੋਕਰੀ ਕਲਾਂ ਦੇ ਸਰਪੰਚ 'ਤੇ ਹੋਏ ਪਰਚੇ ਦਾ ਮਾਮਲਾ ਗਰਮਾਇਆ

## ਇਨਸਾ.ਫ ਨਾ ਮਿਲਿਆ ਤਾਂ ਸੰਘਰਸ਼ ਵਿੱਢਾਂਗੇ-ਨਿਰਭੈ ਢੁੱਡੀਕੇ

ਅਜੀਤਵਾਲ, 19 ਅਕਤੂਬਰ (ਹਰਦੇਵ ਸਿੰਘ ਮਾਨ)-ਹਲਕਾ ਨਿਹਾਲ ਸਿੰਘ ਵਾਲਾ ਦੇ ਵੱਡੇ ਪਿੰਡ ਕੋਕਰੀ ਕਲਾਂ ਵਿਖੇ ਬੀਤੇ ਦਿਨੀਂ ਹੋਏ ਝਗੜੇ ਦੌਰਾਨ ਪਿੰਡ ਦੇ ਮੌਜੂਦਾ ਸਰਪੰਚ ਜਗਤਾਰ ਸਿੰਘ ਖ਼ਿਲਾਫ਼ ਥਾਣਾ ਅਜੀਤਵਾਲ ਦੀ ਪੁਲਿਸ ਵਲੋਂ ਉਸ ਦੇ ਲੜਕੇ ਅਤੇ ਹੋਰਾਂ ਖ਼ਿਲਾਫ਼ ਮੁਕੱਦਮਾ ਦਰਜ ਕਰਨ 'ਤੇ ਅੱਜ ਉਸ ਸਮੇਂ ਅਲੱਗ ਸਥਿਤੀ ਬਣ ਗਈ ਜਦੋਂ ਥਾਣਾ ਅਜੀਤਵਾਲ ਵਿਖੇ ਸਰਪੰਚ ਜਗਤਾਰ ਸਿੰਘ ਦੇ ਹੱਕ ਵਿਚ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਕਾਮਰੇਡ ਨਿਰਭੈ ਸਿੰਘ ਢੁੱਡੀਕੇ ਨੇ ਮੌਜੂਦ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਹਿਲਾਂ ਸਰਪੰਚ ਦੀ ਕੁੱਟਮਾਰ ਕਰਨ, ਦਸਤਾਰ ਉਤਾਰਨ ਅਤੇ ਦਾੜ੍ਹੀ ਪੁੱਟਣ ਆਦਿ ਨਾਲ ਪਿੰਡ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਦੂਸਰਾ ਲੜਾਈ ਅੱਡੇ ਵਿਚ ਹੋਈ ਅਤੇ ਗ਼ਲਤ ਜਾਣਕਾਰੀ ਨਾਲ ਘਰ ਦਾ ਦੱਸਿਆ ਗਿਆ ਹੈ, ਜਿਸ ਦਾ ਅਸੀਂ ਵਿਰੋਧ ਕਰਦੇ ਹਾਂ। ਪੁਲਿਸ ਵਲੋਂ ਇਸ ਗ਼ਲਤ ਦਰਜ ਕੀਤੇ ਗਏ ਮੁਕੱਦਮੇ ਨੂੰ ਖ਼ਾਰਜ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਸਾਰਾ ਮਾਮਲਾ ਪੁਲਿਸ ਦੇ ਉੱਚ ਅਧਿਕਾਰੀਆਂ ਦੇ ਧਿਆਨ ਵਿਚ ਲਿਆਵਾਂਗੇ। ਜੇਕਰ ਇਨਸਾਫ਼ ਨਾ ਹੋਇਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ ਤੇ ਲੋੜ ਪਈ ਤਾਂ ਥਾਣਾ ਅਜੀਤਵਾਲ ਦੇ ਸਾਹਮਣੇ ਧਰਨਾ ਵੀ ਦੇਣਗੇ। ਇਸ ਸਬੰਧੀ ਜਾਣਕਾਰੀ ਦਿੰਦੇ ਮੌਜੂਦਾ ਸਰਪੰਚ ਨੇ ਕਿਹਾ ਕਿ ਪਿੰਡ ਦੇ ਕੁਝ ਵਿਅਕਤੀਆਂ ਵਲੋਂ ਵਿਕਾਸ ਕਾਰਜਾਂ ਨੂੰ ਰੋਕਣ ਲਈ ਪਿਛਲੇ ਲੰਮੇ ਸਮੇਂ ਤੋਂ ਉਨ੍ਹਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇਸੇ ਕਾਰਨ ਇਹ ਲੜਾਈ ਝਗੜਾ ਕੀਤਾ ਗਿਆ, ਜਿਸ ਵਿਚ ਮੇਰੀ ਦਸਤਾਰ ਉਤਾਰਨ ਤੇ ਮੇਰੀ ਦਾੜ੍ਹੀ ਨੂੰ ਵੀ ਹੱਥ ਪਾਇਆ ਗਿਆ, ਮੇਰਾ ਘਰ ਦੂਸਰੇ ਵਿਅਕਤੀਆਂ ਤੋਂ ਅੱਗੇ ਹੋਣ ਕਰ ਕੇ ਮੇਰੀ ਲੰਘਣ ਵੇਲੇ ਦੀ ਵੀਡੀਓ ਬਣਾ ਕੇ ਉਸ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕੀਤਾ ਗਿਆ। ਪੁਲਿਸ ਵਲੋਂ ਨਿਰਪੱਖ ਜਾਂਚ ਬਿਨਾਂ ਉਲਟਾ ਮੇਰੇ, ਮੇਰੇ ਲੜਕੇ ਅਤੇ ਮੇਰੇ ਦੋ ਸਾਥੀਆਂ 'ਤੇ ਮੁਕੱਦਮਾ ਦਰਜ ਕੀਤਾ ਹੈ, ਜੋ ਕਿ ਸਾਡੇ ਨਾਲ ਧੱਕੇਸ਼ਾਹੀ ਹੈ, ਜਿਸ ਦੇ ਇਨਸਾਫ਼ ਲਈ ਕਿਸਾਨ ਜਥੇਬੰਦੀਆਂ ਦੀ ਮਦਦ ਨਾਲ ਥਾਣਾ ਅਜੀਤਵਾਲ ਦੇ ਮੁਖੀ ਲਛਮਣ ਸਿੰਘ ਨਾਲ ਮਿਲ ਕੇ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਥਾਣੇ ਵਿਚ ਮੌਜੂਦ ਨਾ ਹੋਣ ਕਰ ਕੇ ਕੁਝ ਵੀ ਨਹੀਂ ਹੋ ਸਕਿਆ। ਉੱਧਰ ਜਦ ਇਸ ਮਾਮਲੇ ਸਬੰਧੀ ਥਾਣਾ ਅਜੀਤਵਾਲ ਦੇ ਮੁਖੀ ਲਛਮਣ ਸਿੰਘ ਨਾਲ ਫ਼ੋਨ 'ਤੇ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਜੇਕਰ ਸਬੰਧਿਤ ਧਿਰ ਨੂੰ ਕੁਝ ਗ਼ਲਤ ਲੱਗਾ ਹੈ ਤਾਂ ਇਸ ਦੀ ਦਰਖ਼ਾਸਤ ਮਿਲਣ 'ਤੇ ਮਾਮਲੇ ਦੀ ਮੁੜ ਪੜਤਾਲ ਹੋਵੇਗੀ ਤੇ ਕਿਸੇ ਵੀ ਬੇ-ਕਸੂਰ ਨਾਲ ਬੇਇਨਸਾਫ਼ੀ ਨਹੀਂ ਹੋਵੇਗੀ। ਇਸ ਸਮੇਂ ਹਰਜੀਤ ਸਿੰਘ, ਇੰਦਰਜੀਤ ਸਿੰਘ, ਰੇਸ਼ਮ ਸਿੰਘ, ਜਸਵਿੰਦਰ ਸਿੰਘ, ਜੱਗਾ ਸਿੰਘ, ਕੇਵਲ ਸਿੰਘ, ਲੱਡੂ ਸਿੰਘ, ਮਨਪ੍ਰੀਤ ਸਿੰਘ, ਸਤਨਾਮ ਸਿੰਘ ਆਦਿ ਹਾਜ਼ਰ ਸਨ।

# ਹਲਕਾ ਬਾਘਾ ਪੁਰਾਣਾ ਦੇ ਪਿੰਡ ਸਾਹੋਕੇ ਵਿਖੇ ਬੀ.ਜੇ.ਪੀ. ਨੂੰ ਮਿਲਿਆ ਵੱਡਾ ਹੁੰਗਾਰਾ, 25 ਪਰਿਵਾਰ ਹੋਏ ਪਾਰਟੀ 'ਚ ਸ਼ਾਮਿਲ

ਠੱਠੀ ਭਾਈ, 19 ਅਕਤੂਬਰ (ਜਗਰੂਪ ਸਿੰਘ ਮਠਾੜੂ)-ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਲਕਾ ਬਾਘਾ ਪੁਰਾਣਾ ਦੇ ਪਿੰਡ ਸਾਹੋਕੇ ਵਿਖੇ ਭਾਰਤੀ ਜਨਤਾ ਪਾਰਟੀ ਦੀ ਅਹਿਮ ਮੀਟਿੰਗ ਬੀ.ਜੇ.ਪੀ. ਦੇ ਸੀਨੀਅਰ ਆਗੂ ਹਰਵਿੰਦਰ ਸਿੰਘ ਧਾਲੀਵਾਲ ਸਮਾਲਸਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਦਾ ਪ੍ਰਬੰਧ ਪਿੰਡ ਸਾਹੋਕੇ ਦੇ ਜਸਵੀਰ ਸਿੰਘ ਫ਼ੌਜੀ ਵਲੋਂ ਕੀਤਾ ਗਿਆ। ਪ੍ਰਬੰਧਕਾਂ ਨੇ ਦੱਸਿਆ ਕਿ ਮੀਟਿੰਗ ਦੌਰਾਨ ਪਿੰਡ ਦੀਆਂ ਕਈ ਲੰਬੇ ਸਮੇਂ ਤੋਂ ਲਟਕੀਆਂ ਸਮੱਸਿਆਵਾਂ ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਅਤੇ ਨਾਲ ਹੀ ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਆਖਣ ਵਾਲੇ 25 ਪਰਿਵਾਰਾਂ ਨੇ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋ ਕੇ ਪਾਰਟੀ 'ਤੇ ਆਪਣੇ ਭਰੋਸੇ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਹਰਵਿੰਦਰ ਸਿੰਘ ਧਾਲੀਵਾਲ ਨੇ ਸ਼ਾਮਿਲ ਹੋਣ ਵਾਲੇ ਪਰਿਵਾਰਾਂ ਨੂੰ ਪਾਰਟੀ ਦੇ ਮਫ਼ਲਰ ਪਹਿਨਾਉਣ ਉਪਰੰਤ ਜੀ ਆਇਆਂ ਆਖਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਦੇਸ਼ ਭਰ ਵਿਚ ਲੋਕਾਂ ਦੀ ਭਲਾਈ ਲਈ ਨਿਰੰਤਰ ਕੰਮ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਚੱਲ ਰਹੀਆਂ ਯੋਜਨਾਵਾਂ ਜਿਵੇਂ ਕਿ ਆਯੁਸ਼ਮਾਨ ਭਾਰਤ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਕਿਸਾਨ ਸਨਮਾਨ ਨਿਧੀ, ਉਜਵਲਾ ਯੋਜਨਾ ਅਤੇ ਜਲ ਜੀਵਨ ਮਿਸ਼ਨ ਦੇ ਨਾਲ ਗਰੀਬ ਅਤੇ ਮੱਧਵਰਗ ਦੇ ਕਰੋੜਾਂ ਲੋਕਾਂ ਨੂੰ ਰਾਹਤ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸਿਰਫ਼ ਝੂਠੇ ਵਾਅਦੇ ਕਰਨ ਤੱਕ ਹੀ ਸੀਮਤ ਰਹੀ ਹੈ, ਜਦਕਿ ਜ਼ਮੀਨੀ ਪੱਧਰ 'ਤੇ ਵਿਕਾਸ ਕਾਰਜ ਠੱਪ ਪਏ ਹਨ। ਧਾਲੀਵਾਲ ਨੇ ਕਿਹਾ ਕਿ ਲੋਕ ਹੁਣ ਸਮਝ ਚੁੱਕੇ ਹਨ ਕਿ ਆਮ ਆਦਮੀ ਪਾਰਟੀ ਦੀ ਨਾਲਾਇਕ ਸਰਕਾਰ ਨੇ ਨਾ ਸਿਰਫ਼ ਰਾਜ ਖਾਲੀ ਖ਼ਜ਼ਾਨੇ ਵਿਚ ਧੱਕਿਆ ਹੈ ਸਗੋਂ ਲੋਕਾਂ ਦੀਆਂ ਮੁੱਢਲੀਆਂ ਸਹੂਲਤਾਂ ਸਿਹਤ, ਸਿੱਖਿਆ ਤੇ ਰੋਜ਼ਗਾਰ ਦਾ ਭੱਠਾ ਗੁੱਲ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਹੀ ਉਹ ਇਕੱਲੀ ਪਾਰਟੀ ਹੈ ਜੋ ਪੰਜਾਬ ਨੂੰ ਵਿਕਾਸ ਦੇ ਰਸਤੇ 'ਤੇ ਮੁੜ ਲਿਆ ਸਕਦੀ ਹੈ। ਮੀਟਿੰਗ ਵਿਚ ਮੰਡਲ ਪ੍ਰਧਾਨ ਚਮਨ ਲਾਲ, ਜਤਿੰਦਰ ਸਰਮਾ, ਹੰਸਾ ਸਿੰਘ ਮੈਂਬਰ ਪੰਚਾਇਤ, ਅਰਮਾਨ ਸਿੰਘ ਘਾਰੂ, ਜਸਵੀਰ ਸਿੰਘ ਫ਼ੌਜੀ, ਦਵਿੰਦਰ ਸਿੰਘ ਫ਼ੌਜੀ, ਰਾਜਾ ਟੇਲਰ, ਗਗਨਾ ਸਿੰਘ, ਸਨੀ ਸਿੰਘ, ਬਬਲਾ ਸਿੰਘ ਸਮੇਤ ਪਿੰਡ ਦੀਆਂ ਮਾਤਾਵਾਂ ਵੀ ਹਾਜ਼ਰ ਸਨ।

Wishing you a very happy Diwali & Gurparb
S.D. COLLEGE FOR WOMEN
3-Jawahar Nagar, Moga-142 001 (Pb.) India
A Premier Multi-Faculty Post Graduate Women Institution of the Area (Estd. 1969)
Affiliated to Panjab University, Chandigarh & Re-Accredited with Grade B+ by NAAC
Courses Offered: • M.A. • M.Sc. IT • PGDCA • M.Com. • B.Com. • B.A. • B.Sc. F.D. • B.C.A. AICTE APPROVED
B. VOC Hospital Administration & Management, Food Processing & Quality Management
& Many Others Courses...
For more information Contact : 01636-220174
President Radhesh Singhal | Vice-President Aman Singla | Secretary Dr. Ashok Garga | Principal Dr. Neena Aneja

ਸਮੂਹ ਸੰਗਤ ਨੂੰ
ਬੰਦੀ ਛੋੜ ਦਿਵਸ
ਅਤੇ
ਦੀਵਾਲੀ
ਦੀ ਲੱਖ-ਲੱਖ ਵਧਾਈ
ਹਰਮੀਤ ਸਿੰਘ ਕਾਲਕਾ
ਪ੍ਰਧਾਨ
ਜਗਦੀਪ ਸਿੰਘ ਕਾਹਲੋਂ
ਜਨਰਲ ਸਕੱਤਰ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

